Calgary

# ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ

**ਆਪਣੀ ਪ੍ਰਾਪਰਟੀ ਦੇ ਬਾਜ਼ਾਰ ਦੇ ਮੁੱਲ ਦਾ ਮੁਲਾਂਕਣ ਕਰਨਾ**

ਤੁਹਾਡਾ ਮੁਲਾਂਕਣ 1 ਜੁਲਾਈ, 2020 ਨੂੰ ਤੁਹਾਡੀ ਪ੍ਰਾਪਰਟੀ ਦੇ ਮਾਰਕਿਟ ਦੇ ਮੁੱਲ ਤੇ ਅਧਾਰਤ ਹੈ। ਮਾਰਕਿਟ ਮੁੱਲ ਦਾ ਮੁਲਾਂਕਣ ਇਸਤੇਮਾਲ ਕੀਤਾ ਜਾਂਦਾ ਹੈ ਕਿਉਂਕਿ ਇਹ ਟੈਕਸ ਵੰਡਣ ਦਾ ਇੱਕ ਸਹੀ, ਪਾਰਦਰਸ਼ੀ ਤਰੀਕਾ ਹੈ। ਅਸੀਂ ਅਲਬਰਟਾ ਸਰਕਾਰ ਦੁਆਰਾ ਨਿਰਧਾਰਤ ਵਿਧਾਨਿਕ ਪ੍ਰਕਿਰਿਆ ਦੀ ਪਾਲਣਾ ਕਰਦੇ ਹਾਂ।

## ਤੁਹਾਡੇ ਘਰ ਦਾ ਮੁੱਲ ਨਿਰਧਾਰਿਤ ਕਰਨਾ

ਤੁਹਾਡੇ ਘਰ ਦਾ ਮੁੱਲ ਸਮਾਨ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਾਪਰਟੀਆਂ ਦੀ ਵਿਕਰੀ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜੋ ਪਿਛਲੇ ਤਿੰਨ ਸਾਲਾਂ ਵਿੱਚ ਕੈਲਗਰੀ ਵਿੱਚ ਵੇਚੀਆਂ ਗਈਆਂ ਹਨ। ਸਾਡੇ ਮੁਲਾਂਕਣਕਰਤਾ ਤੁਹਾਡੀ ਪ੍ਰਾਪਰਟੀ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਵੀ ਸ਼ਾਮਲ ਕਰਦੇ ਹਨ:

- ਸਥਾਨ
- ਗੁਣ
- ਇਮਾਰਤ ਦਾ ਸਾਈਜ਼
- ਉਮਰ
- ਲੌਟ ਸਾਈਜ਼
- ਪ੍ਰਭਾਵ (ਵਿਊ, ਹਰੀ ਜਗ੍ਹਾ, ਟ੍ਰੈਫਿਕ, ਆਦਿ)
- ਨਵੀਨੀਕਰਨ

ਪ੍ਰਾਪਰਟੀਆਂ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ, **calgary.ca/assessment** 'ਤੇ ਜਾਓ

## ਆਪਣੇ ਪ੍ਰਾਪਰਟੀ ਟੈਕਸ ਦੇ ਭਾਗ ਦੀ ਗਣਨਾ ਕਰਨਾ

ਤੁਸੀਂ ਆਪਣੇ ਪ੍ਰਾਪਰਟੀ ਟੈਕਸਾਂ ਦਾ ਅੰਦਾਜ਼ਾ, **calgary.ca/taxcalculator** 'ਤੇ ਸਾਡੇ ਆਸਾਨੀ ਨਾਲ ਵਰਤੇ-ਜਾਣ ਵਾਲੇ ਪ੍ਰਾਪਰਟੀ ਟੈਕਸ ਕੈਲਕੁਲੇਟਰ 'ਤੇ ਲਗਾ ਸਕਦੇ ਹੋ

# ਉਹ ਸੇਵਾ ਪ੍ਰਦਾਨ ਕਰਨਾ ਜਿਸਦੀ ਤੁਸੀਂ ਕਦਰ ਕਰਦੇ ਹੋ

## ਮਹੱਤਵਪੂਰਣ ਸੇਵਾਵਾਂ ਪ੍ਰਦਾਨ ਕਰਨ ਲਈ ਯੋਜਨਾਵਾਂ ਅਤੇ ਟੈਕਸਾਂ ਨੂੰ ਜੋੜਨਾ

ਮੁਲਾਂਕਣ ਪ੍ਰਕਿਰਿਆ ਇਹ ਨਿਰਧਾਰਤ ਕਰਦੀ ਹੈ ਕਿ ਕਿਵੇਂ ਪ੍ਰਾਪਰਟੀ ਟੈਕਸ ਉਹ ਸੇਵਾਵਾਂ ਪ੍ਰਦਾਨ ਕਰਨ ਲਈ ਵੰਡਿਆ ਜਾਂਦਾ ਹੈ ਜਿਹਨਾਂ ਨੂੰ ਨਾਗਰਿਕ ਮਹੱਤਵ ਦਿੰਦੇ ਅਤੇ ਹਰ ਰੋਜ਼ ਵਰਤਦੇ ਹਨ।

### ਸੇਵਾ ਯੋਜਨਾਵਾਂ ਅਤੇ ਬਜਟ

ਕੌਂਸਲ ਨਾਗਰਿਕ ਪਹਿਲਾਂ ਦੇ ਅਧਾਰ ਤੇ 2021 ਦੇ ਬਜਟ ਲਈ ਯੋਜਨਾ ਬਣਾਉਂਦੀ ਹੈ ਅਤੇ ਫੈਸਲੇ ਲੈਂਦੀ ਹੈ।

### ਪ੍ਰਾਪਰਟੀਆਂ ਦੀਆਂ ਕੀਮਤਾਂ ਦਾ ਮੁਲਾਂਕਣ ਕਰਨਾ

ਮੁਲਾਂਕਣ ਪ੍ਰਕਿਰਿਆ ਉਚਿਤ ਤੌਰ 'ਤੇ ਤੁਹਾਡੀ ਪ੍ਰਾਪਰਟੀ ਦੇ 1 ਜੁਲਾਈ, 2020 ਦੇ ਮੁੱਲ ਨੂੰ ਨਿਰਧਾਰਤ ਕਰਦੀ ਹੈ, ਜੋ ਫਿਰ ਹਰ ਇਕ ਦੇ ਪ੍ਰਾਪਰਟੀ ਟੈਕਸ ਦੇ ਸਹੀ ਹਿੱਸੇ ਨੂੰ ਸਥਾਪਤ ਕਰਦਾ ਹੈ।

### ਸਮਰਥਿਤ ਸੇਵਾਵਾਂ

ਤੁਹਾਡੇ ਟੈਕਸ ਡਾਲਰ ਉੱਚ ਪੱਧਰੀ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਲਈ ਫੰਡ ਦੇਣ ਵਿੱਚ ਸਹਾਇਤਾ ਕਰਦੇ ਹਨ ਜਿਹਨਾਂ ਨੂੰ ਕੈਲਗਰੀ ਦੇ ਲੋਕ ਹਰ ਰੋਜ਼ ਮਹੱਤਵ ਦਿੰਦੇ ਹਨ ਅਤੇ ਵਰਤਦੇ ਹਨ। ਇਹਨਾਂ ਵਿੱਚ ਜਨਤਕ ਸੁਰੱਖਿਆ ਸੇਵਾਵਾਂ, ਜਿਵੇਂ ਪੁਲਿਸ ਅਤੇ ਫਾਇਰ, ਟ੍ਰਾਂਸਪੋਰਟੇਸ਼ਨ, ਪਾਰਕ ਅਤੇ ਹੋਰ ਸ਼ਾਮਲ ਹਨ।

### ਟੈਕਸ ਕਲੈਕਸ਼ਨ

ਸੂਬਾਈ ਅਤੇ ਸਿਟੀ ਬਜਟ ਦੇ ਟੈਕਸ ਸਹਿਯੋਗੀ ਹਿੱਸੇ ਨੂੰ ਫੰਡ ਦੇਣ ਲਈ ਇੱਕ ਟੈਕਸ ਦਰ ਨਿਰਧਾਰਤ ਕੀਤੀ ਜਾਂਦੀ ਹੈ। ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਵਰਤੋਂ ਤੁਹਾਡੇ ਸਹੀ ਹਿੱਸੇ ਨੂੰ ਨਿਰਧਾਰਤ ਕਰਨ ਲਈ ਕੀਤੀ ਜਾਂਦੀ ਹੈ ਅਤੇ ਤੁਹਾਡੇ ਹਿੱਸੇ ਨੂੰ ਇੱਕਠਾ ਕਰਨ ਲਈ ਟੈਕਸ ਬਿੱਲ ਮਈ ਵਿੱਚ ਮੇਲ ਕੀਤੇ ਜਾਂਦੇ ਹਨ।

20-0009098



ਟੈਕਸ ਡਾਲਰਾਂ ਲਈ ਸੇਵਾ ਮੁੱਲ ਬਾਰੇ ਵਧੇਰੇ ਜਾਣਕਾਰੀ ਲਈ, **calgary.ca/assessment** 'ਤੇ ਜਾਓ।